P01

# ਕਿਰਪਾ ਕਰਕੇ ਸਿੰਘਾਂ ਤੇ ਸਾਹਿਬਜ਼ਾਦਿਆਂ ਬਾਰੇ ਸੋਚੋ ਤੇ ਵੀਚਾਰੋ

ਇਸ ਦਸੰਬਰ ਦੇ ਮਹੀਨੇ ਵਿਚ ਹਰੇਕ ਇਨਸਾਨ ਅਤੇ ਹਰੇਕ ਪ੍ਰਚਾਰਕ, ਸਾਹਿਬਜ਼ਾਦਿਆਂ ਤੇ ਹੋਰ ਅਨੇਕਾਂ ਸਿੰਘਾਂ ਦੀਆਂ ਸਰੀਰਕ ਕੁਰਬਾਨੀਆਂ ਬਾਰੇ ਰੱਜ ਕੇ ਪ੍ਰਚਾਰ ਕਰ ਰਿਹਾ ਹੈ ਤੇ ਕਰਦਾ ਰਹੇਗਾ। ਪਰੰਤੂ ਕੋਈ ਵੀ ਇਹ ਗੱਲ ਨਹੀਂ ਕਰੇਗਾ, ਕਿ ਉਨ੍ਹਾਂ ਸਭ ਨੂੰ ਗੁਰਬਾਣੀ ਦਾ ਕਿਨਾਂ ਕੁ ਗਿਆਨ ਸੀ, ਜਿਸ ਸਦਕਾ ਉਹ ਇਤਨੇ ਵੱਡੇ ਮੁਕਾਮ ਤਕ ਪਹੁੰਚ ਸਕੇ।

ਪਿਛਲੇ ਅਨੇਕਾਂ ਸਾਲਾਂ ਤੋਂ ਲੋਕਾਂ ਨੂੰ ਭਾਵਕ ਤੌਰ ਤੇ ਗੁਮਰਾਹ ਕਰਨ ਦਾ ਬਹੁਤ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਤੋਂ ਵੱਧ ਤੋਂ ਵੱਧ ਮਾਇਆ ਬਟੋਰੀ ਜਾ ਸਕੇ। ਕੋਈ ਗਿਆਨ ਜਾਂ ਤਰੀਕਾ ਸਾਝਾ ਨਹੀਂ ਕੀਤਾ ਜਾ ਰਿਹਾ ਹੈ, ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਸਹਾਇਤਾ ਨਾਲ ਕਿਸ ਤਰ੍ਹਾਂ ਅਜੇਹੀ ਯੋਗਤਾ ਹਾਸਲ ਕੀਤੀ ਜਾ ਸਕਦੀ ਹੈ।

ਅੱਜਕਲ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਉਸ ਗਿਆਨ ਦੀ ਲੋੜ ਹੈ, ਜਿਸ ਨਾਲ ਅਜੇਹੀ ਕਾਬਲੀਅਤ ਹਾਸਲ ਕੀਤੀ ਜਾ ਸਕਦੀ ਹੈ। ਪੂਰੇ ਸਾਲ ਦੇ ਦੌਰਾਨ, ਜਿਆਦਾਤਰ ਗੁਰਦੁਆਰਾ ਸਾਹਿਬਾਂ ਵਿਚ, ਬਹੁਤ ਘੱਟ ਬੱਚੇ ਤੇ ਨੌਜਵਾਨ ਦਿਖਾਈ ਦੇਂਦੇ ਹਨ। ਜਿਸ ਤੋਂ ਇਹ ਸਾਬਤ ਹੁੰਦਾ ਹੈ, ਕਿ ਸਾਡੇ ਪ੍ਰਚਾਰ ਵਿਚ ਬਹੁਤ ਭਾਰੀ ਕਮੀ ਹੈ, ਜਿਸ ਕਰਕੇ ਇਹ ਗਿਣਤੀ ਘਟਦੀ ਜਾ ਰਹੀ ਹੈ। ਕਿਰਪਾ ਕਰਕੇ ਇਨ੍ਹਾਂ ਦੇ ਕਾਰਣ ਤੇ ਉਨ੍ਹਾਂ ਦੇ ਹਲ ਬਾਰੇ ਡੂੰਗੀ ਸੋਚ ਵੀਚਾਰ ਕਰੋ ਜੀ।

ਤਰ੍ਹਾਂ ਤਰ੍ਹਾਂ ਦੇ ਪ੍ਰੋਗਰਾਮ ਕਰਕੇ, ਜਾਂ ਵਿਖਾਵੇ ਕਰਕੇ ਅਤੇ ਕਰੋੜਾਂ ਰੁਪਿਆਂ ਬਰਬਾਦ ਕਰਨ ਨਾਲ, ਨਾ ਤਾਂ ਕੋਈ ਗਿਆਨ ਹਾਸਲ ਹੋਇਆ ਹੈ, ਤੇ ਨਾ ਹੀ ਕੁਝ ਹੋਰ ਪ੍ਰਾਪਤ ਹੋਇਆ ਹੈ, ਅਤੇ ਨਾ ਹੀ ਭਵਿੱਖ ਵਿਚ ਅਜੇਹਾ ਕਰਨ ਨਾਲ ਕੁਝ ਲਾਭ ਹੋਣਾ ਹੈ। ਸਾਨੂੰ ਗੁਰੂ ਨਾਨਕ ਸਾਹਿਬ ਦੀ ਦਿਤੀ ਹੋਈ ਚਿਤਾਵਨੀ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ।

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ {੪੧੭}**

ਗੁਰਮਤਿ ਦੀ ਖੋਜ ਲਈ https://gurmat-research.com/

# Please think and analyse about the Sikhs and Sahibzada's

**Everybody and every preacher are and will be talking about the physical sacrifices done during this month of December. But nobody has talked and will be taking about the real knowledge of Gurbani each one of them was having who had sacrificed their lives during this month.**

**Only emotional propaganda is being done for the last so many years to extract money from the public. No knowledge is being imparted as how such capabilities can be acquired and achieved with the help of Gurbani written in Guru Granth Sahib.**

**Present day generation especially the children and youth need the knowledge as how to acquire such capabilities. Rarely children and youth are seen in Gurdwara Sahibs throughout the year. This clearly indicates that something is very much missing, which is causing their number to reduce every day. Please analyse the causes and solutions in detail.**

**Mere pump and show of the programs have neither served any purpose and nor is going to help in any way. We should always remember the warning given by Guru Nanak Sahib.**

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ** ॥ {੪੧੭}

**Please visit this website to get more information about research on Gurbani**

**https://gurmat-research.com/**

**http://www.geocities.ws/sarbjitsingh/**